بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.04.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਅਪ੍ਰੈਲ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਪਿਛਲੇ ਜੁਮਏ ਵਿੱਚ ਮੈਂ ਹਜ਼ਰਤ ਉਸਾਮਨ ਬਿਨ ਮਜ਼ਊਨ ਬਾਰੇ ਵਰਨਣ ਕਰਦਿਆਂ ਹੋਇਆਂ ਇਸ ਗੱਲ'ਤੇ ਆਪਣੀ ਗੱਲ ਖ਼ਤਮ ਕੀਤੀ ਸੀ ਕਿ ਆਪ ਜਨੱਤੁਲ ਬਕੀ ਵਿੱਚ ਦਫ਼ਨ ਹੋਣ ਵਾਲੇ ਪਹਿਲੇ ਵਿਅਕਤੀ ਸਨ ।

ਜਨੱਤੁਲ ਬਕੀ ਦੀ ਨੀਂਹ ਤੇ ਅਰੰਭ ਬਾਰੇ ਜੋ ਵਿਸਥਾਰ ਮਿਲਿਆ ਹੈ ਉਹ ਇਸ ਪ੍ਰਕਾਰ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਦੀਨੇ ਆਉਣ ਦੇ ਬਾਦ ਓਥੇ ਅਨੇਕਾਂ ਹੀ ਕਬ੍ਰਿਸਤਾਨ ਸਨ । ਯਹੂਦੀਆਂ ਦੇ ਆਪਣੇ ਕਬ੍ਰਿਸਤਾਨ ਹੋਇਆ ਕਰਦੇ ਸਨ ਜੱਦਕਿ ਅਰਬਾਂ ਦੇ ਵੱਖ ਵੱਖ ਕਬੀਲਿਆਂ ਦੇ ਆਪਣੇ ਆਪਣੇ ਕਬ੍ਰਿਸਤਾਨ ਸਨ । ਪਵਿੱਤਰ ਮਦੀਨਾ ਉਸ ਸਮੇਂ ਵੱਖ ਵੱਖ ਖੇਤਰਾਂ ਵਿੱਚ ਵੰਡਿਆ ਹੋਇਆ ਸੀ ਇਸ ਲਈ ਹਰ ਕਬੀਲਾ ਆਪਣੇ ਹੀ ਖੇਤਰ ਵਿੱਚ ਖੁੱਲੀ ਥਾਂ ਵਿੱਚ ਆਪਣੇ ਮੁਰਦਿਆਂ ਨੂੰ ਦਫ਼ਨਾਇਆ ਕਰਦੇ ਸਨ । ਕਬਾ ਦਾ ਵਖੱਰਾ ਕਬ੍ਰਿਸਤਾਨ ਸੀ ਜੋ ਬਹੁਤ ਅਧਿਕ ਪ੍ਰਸਿੱਧ ਸੀ, ਭਾਂਵੇਂ ਕਿ ਓਥੇ ਛੋਟੇ ਛੋਟੇ ਕਈ ਹੋਰ ਕਬ੍ਰਿਸਤਾਨ ਵੀ ਸਨ । ਕਬੀਲਾ ਬਨੂ ਜ਼ਫ਼ਰ ਦਾ ਆਪਣਾ ਕਬ੍ਰਿਸਤਾਨ ਸੀ ਅਤੇ ਬਨੂ ਸਲਮਾ ਦਾ ਆਪਣਾ ਵਖੱਰਾ ਕਬ੍ਰਿਸਤਾਨ ਸੀ । ਹੋਰਨਾ ਕਬ੍ਰਿਸਤਾਨਾ ਵਿੱਚ ਬਨੂ ਸਾਇਦਹ ਦਾ ਕਬ੍ਰਿਸਤਾਨ ਸੀ, ਜਿਸਦੀ ਥਾਂ ਬਾਦ ਵਿੱਚ ਸੋਕੁਨ ਨਬੀ ਸਾਥਾਪਤ ਹੋਇਆ । ਜਿਸ ਥਾਂ ਮਸਜਿਦ ਨਬਵੀ ਦੀ ਉਸਾਰੀ ਹੋਈ ਓਥੇ ਵੀ ਕੁਝ ਖਜੂਰਾਂ ਦੇ ਰੁਖੱਾਂ ਦੇ ਝੁੰਡ ਵਿੱਚ ਕੁਝ ਮੁਸ਼ਰਿਕਾਂ ਦੀਆਂ ਕਬਰਾਂ ਸਨ । ਇਹਨਾਂ ਸਾਰਿਆਂ ਕਬ੍ਰਿਸਤਾਨਾ ਵਿੱਚ ਬਕੀਉਲ ਗ਼ਰਕਦ ਸਭ ਤੋਂ ਪੁਰਾਣਾ ਤੇ ਪ੍ਰਸਿੱਧ ਕਬ੍ਰਿਸਤਾਨ ਸੀ ਅਤੇ ਫਿਰ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਮੁਸਲਮਾਨਾ ਦੇ ਕਬ੍ਰਿਸਤਾਨ ਲਈ ਚੁਣ ਲਿਆ ਤਾਂ ਇਸ ਦੇ ਬਾਦ ਤੋਂ ਅੱਜ ਤੱਕ ਇਸ ਨੂੰ ਇਕ ਵੱਖਰੀ ਵਿਲਖੱਣਤਾ ਤੇ ਵਿਸੇਸ਼ਤਾ ਪ੍ਰਾਪਤ ਰਹੀ ਹੈ ਜੋ ਹਮੇਸ਼ਾ ਰਹੇਗੀ ।

ਹਜ਼ਰਤ ਉਬੈਦੁਲੱਾਹ ਬਿਨ ਅਬੀ ਰਾਫ਼ਿਅ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕਿਸੇ ਅਜਿਹੀ ਥਾਂ ਦੀ ਭਾਲ ਵਿੱਚ ਸਨ ਜਿੱਥੇ ਕੇਵਲ ਮੁਸਲਮਾਨਾ ਦੀਆਂ ਕਬਰਾਂ ਹੋਣ ਅਤੇ ਇਸ ਉਦੇਸ਼ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਕਈ ਥਾਵਾਂ ਦਾ ਨਿਰੀਖਣ ਵੀ ਕੀਤਾ ਪਰ ਇਹ ਫ਼ਖ਼ਰ (ਸਨਮਾਨ) ਬਕਕੀਉਲ ਗ਼ਰਕਦ ਦੇ ਹਿੱਸੇ ਵਿੱਚ ਲਿੱਖਿਆ ਸੀ । ਸਨਮਾਨ ਯੋਗ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਨਿਰਦੇਸ਼ ਦਿਤੱਾ ਕਿ ਮੈਂਨੂੰ ਹੁਕੁਮ ਹੋਇਆ ਹੈ ਕਿ ਮੈਂ ਇਸ ਥਾਂ ਨੂੰ ਚੁਣ ਲਵਾਂ । ਸਭ ਤੋਂ ਪਹਿਲਾਂ ਓੱਥੇ ਹਜ਼ਰਤ ਉਸਮਾਨ ਬਿਨ ਮਜ਼ਊਨ ਨੂੰ ਦਫ਼ਨ ਕੀਤਾ ਗਿਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਦੀ ਕਬਰ ਦੇ ਸਿਰਾਹਣੇ ਇਕ ਪਥੱਰ ਨਿਸ਼ਾਨੀ ਦੇ ਰੂਪ ਵਿੱਚ ਰੱਖ ਦਿਤੱਾ ਅਤੇ ਫ਼ਰਮਾਇਆ ਕਿ ਇਹ ਸਾਡੇ ਆਗੂ ਹਨ । ਇਹਨਾ ਦੇ ਬਾਦ ਜੱਦ ਵੀ ਕੋਈ ਫ਼ੌਤ ਹੁੰਦਾ ਤਾਂ ਲੋਕ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਪੁਛੱਦੇ ਕਿ ਇਹਨਾਂ ਨੂੰ ਕਿੱਥੇ ਦਫ਼ਨ ਕੀਤਾ ਜਾਏ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਕਿ ਸਾਡੇ ਆਗੂ ਉਸਮਾਨ ਬਿਨ ਮਜ਼ਊਨ ਦੇ ਨੇੜੇ । ਬਕੀ ਅਰਬੀ ਵਿੱਚ ਅਜਿਹੀ ਥਾਂ ਨੂੰ ਕਹਿੰਦੇ ਹਨ ਜਿੱਥੇ ਬਹੁਤ ਅਧਿਕ ਰੁੱਖ ਹੋਣ । ਪਵਿਤੱਰ ਮਦੀਨੇ ਵਿੱਚ ਇਸ ਥਾਂ ਨੂੰ ਬਕੀਉਲ ਗ਼ਰਕਦ ਨੇ ਨਾਂ ਨਾਲ ਜਾਣਿਆਂ ਜਾਣ ਲਗੱਾ ਕਿਉਂਕਿ ਓਥੇ ਗ਼ਰਕਦ ਦੇ ਰੁਖੱਾਂ ਦੀ ਅਧਿਕਤਾ ਸੀ । ਇਸ ਤੋਂ ਬਿਨਾ ਏਥੇ ਆਪਹੁਦੀਰੀਆਂ ਜੰਗਲੀਆਂ ਝਾੜੀਆਂ ਬਹੁਤ ਸਨ । ਇਸੇ ਨੂੰ ਜਨੱਤੁਲਬਕੀ ਕਿਹਾ ਜਾਣ ਲਗੱਾ । ਹਜ਼ਰਤ ਸਾਲਮ ਬਿਨ ਅਬਦੁਲੱਾਹ ਆਪਣੇ ਪਿਤਾ ਤੋਂ ਰਿਵਾਇਤ ਕਰਦੇ ਹਨ ਕਿ ਜੱਦ ਕੋਈ ਫ਼ੌਤ ਹੋ ਜਾਂਦਾ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਫ਼ਰਮਾਉਦੇ ਕਿ ਇਸ ਨੂੰ ਸਾਡੇ ਅਗਾਂਹ ਗਏ ਹੋਏ ਬੰਦਿਆਂ ਕੋਲ ਭੇਜ ਦਿਓ । ਉਸਮਾਨ ਬਿਨ ਮਜ਼ਊਨ ਮੇਰੀ ਉਮੱਤ ਦਾ ਕਿੰਨ੍ਹਾ ਹੀ ਸੋਹਣਾ ਆਗੂ ਸੀ । ਹਜ਼ਰਤ ਇਬਨੇ ਅਬੱਾਸ ਤੋਂ ਰਿਵਾਇਤ ਹੈ ਕਿ ਜੱਦ ਹਜ਼ਰਤ ਉਸਮਾਨ ਦੀ ਵਫ਼ਾਤ ਹੋਈ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਉਹਨਾ ਦੀ ਲੋਥ ਕੋਲ ਆਏ । ਆਪ ਉਹਨਾਂ'ਤੇ ਤਿੰਨ ਵਾਰ ਝੁਕੇ ਅਤੇ ਸਿਰ ਚੁੱਕਿਆ ਅਤੇ ਉੱਚੀ ਆਵਾਜ਼ ਨਾਲ ਫ਼ਰਮਾਇਆ ਹੇ ਅਬੂ ਸਾਇਬ ਰੱਬ ਤੁਹਾਨੂੰ ਦਰਗੁਜ਼ਰ ਕਰੇ ਤੁਸੀਂ ਨਾਡੇ ਵਿੱਚੋਂ ਇਸ ਅਵਸਥਾ ਵਿੱਚ ਗਏ ਕਿ ਦੁਨੀਆ ਦੀ ਕਿਸੇ ਚੀਜ਼ ਤੋਂ ਗਫ਼ੂੰਦ ਨਹੀਂ ਹੋਏ ।

ਹਜ਼ਰਤ ਆਇਸ਼ਾ ਬਿਆਨ ਕਰਦੀ ਹਨ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਲੋਥ ਨੂੰ ਚੁੰਮਿਆ । ਆਪ ਅਤੇ ਆਪਦੀਆਂ ਦੋਹਾਂ ਅਖੱਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ । ਹਜ਼ਰਤ ਆਇਸ਼ਾ ਕਹਿੰਦੀ ਹਨ ਕਿ ਮੈਂ ਦੇਖਿਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਹੰਝੂ ਹਜ਼ਰਤ ਉਸਮਾਨ ਦੇ ਚਿਹਰੇ ਉਪੱਰ ਵਹਿ ਰਹੇ ਸਨ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪੁਤੱਰ ਇਬ੍ਰਾਹੀਮ ਨੇ ਵਫ਼ਾਤ ਪਾਈ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, الحق بالسلف الصالح عثمان ابن مظعون ਅਰਥਾਤ ਨੇਕ ਤੇ ਸੱਚੇ ਉਸਮਾਨ ਬਿਨ ਮਜ਼ਊਨ ਨੂੰ ਜਾਕੇ ਮਿਲ ਜਾਓ । ਹਜ਼ਰਤ ਉਸਮਾਨ ਬਿਨ ਅਫ਼ਾਨ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਇਸ'ਤੇ ਚਾਰ ਤਕਬੀਰਾਂ ਆਖੀਆਂ । ਮਤਲਬ ਬਿਨ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਵਫ਼ਾਤ ਹੋਈ, ਉਹਨਾ ਦਾ ਜਨਾਜ਼ਾਹ ਕੱਢਿਆ ਗਿਆ ਫਿਰ ਉਹਨਾ ਨੂੰ ਦਫ਼ਨ ਕੀਤਾ ਗਿਆ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਕ ਵਿਅਕਤੀ ਨੂੰ ਆਦੇਸ਼ ਦਿਤੱਾ ਕਿ ਉਹ ਇਕ ਪਥੱਰ ਲਿਆਏ । ਉਹ ਪਥੱਰ ਨ ਚੁੱਕ ਸਕਿਆ ਬਹੁਤ ਭਾਰਾ ਪਥੱਰ ਸੀ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਸ ਕੋਲ ਗਏ ਆਪ ਨੇ ਆਪਣੇ ਦੋਹਾਂ ਹਥੱਾਂ ਉਪੱਰੋ ਕਪੜਾ ਉਪੱਰ ਕੀਤਾ ਅਤੇ ਫ਼ਿਰ ਆਪ ਨੇ ਉਹ ਪਥੱਰ ਚੁੱਕਿਆ ਅਤੇ ਉਸ ਨੂੰ ਹਜ਼ਰਤ ਉਸਮਾਨ ਬਿਨ

ਮਜ਼ਊਨ ਦੇ ਸਿਰਾਹਣੇ ਰਖੱ ਦਿਤੱਾ ਅਤੇ ਫ਼ਰਮਾਇਆ ਮੈਂ ਇਸ ਨਿਸ਼ਾਨੀ ਰਾਹੀਂ ਆਪਣੇ ਭਾਈ ਦੀ ਕਬਰ ਪਛਾਣ ਲਿਆਂਗਾ ਅਤੇ ਮੇਰੇ ਪਰਿਵਾਰ ਵਿੱਚੋਂ ਜੋ ਵਫ਼ਾਤ ਪਾਏਗਾ ਉਸਨੂੰ ਮੈਂ ਇਸ ਦੇ ਨੇੜੇ ਦਫ਼ਨ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਵਫ਼ਾਤ ਬਾਰੇ ਜੋ ਵਿਸਥਾਰ ਬਿਆਨ ਕੀਤਾ ਹੈ ਉਸ ਵਿੱਚੋਂ ਕੁਝ ਗਲੱਾਂ ਪੇਸ਼ ਕਰਦਾ ਹਾਂ । ਆਪ ਫ਼ਰਮਾਉਂਦੇ ਹਨ ਕਿ ਸਨ 2 ਹਿਜਰੀ ਦੇ ਅਖ਼ੀਰ ਵਿੱਚ ਆਂਹਜ਼ਰ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਸਹਾਬਾ ਲਈ ਮਦੀਨੇ ਵਿੱਚ ਇਕ ਮਕਬਰਾ (ਕਬ੍ਰਿਸਤਾਨ) ਨਿਯੁਕਤ ਕੀਤਾ ਜਿਸਨੂੰ ਜਨੱਤੁਲਬਕੀ ਕਹਿੰਦੇ ਸਨ, ਇਸ ਦੇ ਬਾਦ ਸਹਾਬਾ ਸਾਧਾਰਣਤਾ ਇਸੇ ਮਕਬਰੇ ਵਿੱਚ ਦਫ਼ਨ ਹੁੰਦੇ ਸਨ । ਸਭ ਤੋਂ ਪਹਿਲੇ ਸਹਾਬੀ ਜੋ ਇਸ ਮਕਬਰੇ ਵਿੱਚ ਦਫ਼ਨ ਹੋਏ ਸਨ ਉਹ ਉਸਮਾਨ ਬਿਨ ਮਜ਼ਊਨ ਸਨ । ਉਸਮਾਨ ਬਹੁਤ ਅਰੰਭਕ ਮੁਸਲਮਾਨਾ ਵਿੱਚੋਂ ਸਨ । ਨੇਕ ਇਬਾਦਤ ਕਰਨ ਵਾਲੇ ਅਤੇ ਸੂਫ਼ੀ ਸੁਭਾਅ ਦੇ ਮਨੁੱਖ ਸਨ । ਮੁਸਲਮਾਨ ਹੋਣ ਦੇ ਬਾਦ ਇਕ ਵਾਰ ਇਹਨਾਂ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਅਰਜ਼ ਕੀਤੀ ਕਿ ਮੈਨੂੰ ਆਗਿਆ ਦੇਣ ਤਾਂ ਮੈਂ ਚਾਹੁੰਦਾ ਹਾਂ ਕਿ ਦੁਨੀਆ ਦਾ ਤਿਆਗ ਕਰਕੇ ਅਤੇ ਪਤਨੀ ਤੇ ਬੱਚਿਆਂ ਤੋਂ ਅੱਡ ਹੋਕੇ ਆਪਣੇ ਜੀਵਨ ਨੂੰ ਕੇਵਲ ਨਿਰੋਲ ਰੱਬ ਦੀ ਇਬਾਦਤ ਲਈ ਵਕਫ਼ ਕਰ ਦਿਆਂ, ਪਰ ਆਪ ਨੇ ਇਸਦੀ ਆਗਿਆ ਨਹੀਂ ਦਿੱਤੀ । ਬਹਿਰਹਾਲ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਵਫ਼ਾਤ ਦਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਹੁਤ ਸਦਮਾ ਹੋਇਆ ਅਤੇ ਰਿਵਾਇਤਾਂ ਵਿੱਚ ਆਉਂਦਾ ਹੈ ਕਿ ਵਫ਼ਾਤ ਦੇ ਬਾਦ ਆਪਨੇ ਉਹਨਾ ਦੇ ਮੱਥੇ ਨੂੰ ਚੁੰਮਿਆ ਅਤੇ ਉਸ ਸਮੇਂ ਆਪਦੀਆਂ ਅਖੱਾਂ ਹੁੰਝੂਆਂ ਨਾਲ ਭਰੀਆਂ ਹੋਈਆਂ ਸਨ । ਇਹਨਾ ਨੂੰ ਦਫ਼ਨਾਏ ਜਾਣ ਦੇ ਬਾਦ ਆਪ ਨੇ ਇਹਨਾ ਦੀ ਕਬਰ ਦੇ ਸਰਾਹਣੇ ਇਕ ਪਥੱਰ ਨਿਸ਼ਾਨੀ ਦੇ ਰੂਪ ਵਿੱਚ ਲਗਵਾਇਆ ਅਤੇ ਫਿਰ ਆਪ ਕਦੇ ਕਦੇ ਜਨੱਤੁਲਬਕੀ ਵਿੱਚ ਜਾਕੇ ਇਹਨਾਂ ਲਈ ਦੁਆ ਕੀਤਾ ਕਰਦੇ ਸਨ । ਉਸਮਾਨ ਪਹਿਲੇ ਮੁਹਾਜਰ ਸਨ ਜੋ ਮਦੀਨੇ ਵਿੱਚ ਫ਼ੌਤ ਹੋਏ ।

ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਵਫ਼ਾਤ ਉਪੱਰ ਆਪ ਦੀ ਪਤਨੀ ਨੇ ਇਕ ਮਰਸੀਏ ਵਿੱਚ ਲਿੱਖਿਆ ਜਿਸਦਾ ਅਰਥ ਇਹ ਹੈ ਕਿ ਹੇ, ਅੱਖ ਉਸਮਾਨ ਦੀ ਘਟਨਾ ਉਪੱਰ ਤੂੰ ਨ ਰੁਕਣ ਵਾਲੇ ਹੰਝੂ ਵਹਾ । ਉਸ ਮਨੁੱਖ ਦੀ ਘਟਨਾ ਉਪੱਰ ਜੋ ਆਪਣੇ ਖ਼ਾਲਕ ਦੀ ਰਜ਼ਾ ਵਿੱਚ ਰਾਤ ਲੰਘਾਉਂਦਾ ਸੀ, ਉਸ ਲਈ ਖ਼ੁਸ਼ਖ਼ਬਰੀ ਹੋਵੇ ਕਿ ਇਕ ਬੇ ਮਿਸਾਲ (ਅਦੁੱਤੀ) ਮਨੁੱਖ ਦਫ਼ਨ ਹੋ ਚੁੱਕਿਆ ਹੈ । ਬਕੀ ਤੇ ਗ਼ਰਕਦ ਆਪਣੇ ਇਸ ਆਣ ਵਸੱਣ ਵਾਲੇ ਨਾਲ ਪਵਿੱਤਰ ਹੋ ਗਿਆ ਅਤੇ ਇਸ ਦੀ ਧਰਤੀ ਆਪਦੇ ਦਫ਼ਨ ਹੋਣ ਨਾਲ ਰੋਸ਼ਨ ਹੋ ਗਈ । ਆਪਦੀ ਵਫ਼ਾਤ ਨਾਲ ਦਿਲ ਉਪੱਰ ਅਜਿਹਾ ਸਦਮਾ ਪਹੁੰਚਿਆ ਹੈ ਜੋ ਮੋਤ ਤੱਕ ਕਦੇ ਵੀ ਖ਼ਤਮ ਨਹੀਂ ਹੋਣ ਵਾਲਾ ਹੈ ਅਤੇ ਮੇਰੀ ਇਹ ਹਾਲਤ ਨ ਬਦਲਣ ਵਾਲੀ ਹੈ ।

ਹਜ਼ਰਤ ਉਮੇ ਅਲਾ ਕਹਿੰਦੀ ਹਨ ਕਿ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਾਹਣੇ ਗਵਾਹੀ ਦਿੱਤੀ ਕਿ ਹੇ ਅਬੂ ਸਾਇਬ ਤੁਹਾਡੇ ਉਪੱਰ ਰੱਬ ਦੀ ਰਹਿਮਤ ਹੋਵੇ । ਰੱਬ ਨੇ ਅਵਸ਼ ਤੁਹਾਨੂੰ ਸਨਮਾਨ ਬਖ਼ਸ਼ਿਆ ਹੈ । ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜਿੱਥੋਂ ਤੱਕ ਉਸਮਾਨ ਦਾ ਸੰਬੰਧ ਹੈ ਉਹ ਤਾਂ ਹੁਣ ਫ਼ੌਤ ਹੋ ਚੁਕੇ ਹਨ ਅਤੇ ਮੈਂ ਉਹਨਾ ਲਈ ਚੰਗਿਆਈ ਦੀ ਹੀ ਆਸ ਰਖੱਦਾ ਹਾਂ ਇਹੋ ਆਸ ਰਖਦਾ ਹਾਂ ਕਿ ਰੱਬ ਉਹਨਾ ਨੂੰ ਅਵਸ਼ ਸਨਮਾਨ ਬੱਖ਼ਸ਼ੇਗਾ ਪਰ ਰੱਬ ਦੀ ਸਹੁੰ ਆਪਨੇ ਇਹ ਵੀ ਫ਼ਰਮਾਇਆ ਕਿ ਰੱਬ ਦੀ ਸਹੁੰ ਮੈਂ ਵੀ ਨਹੀਂ ਜਾਣਦਾ ਕਿ ਉਸਮਾਨ ਦੇ ਨਾਲ ਕੀ ਹੋਵੇਗਾ । ਦੁਆ ਤਾਂ ਜ਼ਰੂਰ ਹੈ ਪਰ ਇਹ ਨਹੀਂ ਮੈਂ ਕਹਿ ਸਕਦਾ ਕਿ ਉਹਨਾ ਨੂੰ ਅਵਸ਼ ਸਨਮਾਨ ਬਖ਼ਸ਼ਿਆ ਹੈ ਹਾਲਾਂਕਿ ਮੈਂ ਰੱਬ ਦਾ ਰਸੂਲ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ ਇਹ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਤਰਬੀਯਤ (ਸੀਖ ਸਿੱਖਿਆ) ਦਾ ਇਕ ਤਰੀਕਾ ਸੀ ਕਿ ਐਵੇਂ ਹੀ ਐਨ੍ਹੇ ਵਸੂਖ ਨਾਲ ਰੱਬ ਦੀ ਬਖ਼ਸ਼ਿਸ਼ ਬਾਰੇ ਗਵਾਹੀ ਨ ਦੇ ਦਿਆ ਕਰੋ । ਹਾਂ, ਜੱਦ ਸੁਪਨੇ ਵਿੱਚ ਹਜ਼ਰਤ ਉਸਮਾਨ ਬਿਨ ਮਜ਼ਊਨ ਦੇ ਚੰਗੇ ਅਮਲ ਇਕ ਸੋਮੇ ਦੇ ਰੂਪ ਵਿੱਚ ਹਜ਼ਰਤ ਉਮੇ ਅਲਾ ਨੂੰ ਦਿਖਾਏ ਗਏ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸਦੀ ਤਸਦੀਕ ਕੀਤੀ । ਵਰਨਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤਾਂ ਜਾਣਦੇ ਸਨ ਕਿ ਇਹਨਾ ਬਦਰੀ ਸਹਾਬਾ ਨਾਲ ਰੱਬ ਰਾਜ਼ੀ ਹੋਇਆ ਹੈ ਅਤੇ ਆਪ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਦੁਆਵਾਂ ਅਤੇ ਆਪ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਨੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਉਹ ਸਪਸ਼ਟ ਕਰਦਾ ਹੈ ਕਿ ਆਪ ਨੂੰ ਉਹਨਾ ਬਾਰੇ ਵਿਸ਼ਵਾਸ਼ ਸੀ ਕਿ ਰੱਬ ਉਹ ਦੁਆਵਾਂ ਸੁਣੇਗਾ ਅਤੇ ਰੱਬ ਦੀ ਨੇੜਤਾ ਪਾਉਣ ਵਾਲੇ ਹੋਣਗੇ ਉਹ, ਪਰ ਫਿਰ ਵੀ ਆਪ ਨੇ ਕਿਹਾ ਕਿ ਤੁਸੀਂ ਗਵਾਹੀ ਨਹੀਂ ਦੇ ਸਕਦੇ ਕਿਸੇ ਬਾਰੇ ।

ਮਸਨਦ ਅਹਮਦ ਬਿਨ ਹੰਬਲ ਵਿੱਚ ਇਹ ਵਿਸ਼ਾ ਕੁਝ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ ਕਿ ਖ਼ਾਰਜਾ ਬਿਨ ਜ਼ੈਦ ਆਪਣੀ ਮਾਤਾ ਤੋਂ ਰਿਵਾਇਤ ਕਰਦੇ ਹਨ ਕਿ ਉਹਨਾ ਨੇ ਕਿਹਾ ਕਿ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਜੱਦ ਵਫ਼ਾਤ ਹੋਈ ਤਾਂ ਖ਼ਾਰਜਾ ਬਿਨ ਜ਼ੈਦ ਦੀ ਮਾਤਾ ਨੇ ਕਿਹਾ ਕਿ ਅਬੂ ਸਾਇਬ ਤੁਸੀਂ ਪਾਕ ਹੋ ਤੁਹਾਡੇ ਚੰਗੇ ਦਿਨ ਬਹੁਤ ਚੰਗੇ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਸ ਨੂੰ ਸੁਣ ਲਿਆ ਅਤੇ ਫ਼ਰਮਾਇਆ ਇਹ ਕੌਣ ਹੈ? ਉਹਨਾ ਨੇ ਕਿਹਾ ਮੈਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਤੁਹਾਨੂੰ ਕੀ ਚੀਜ਼ ਦਸੱਦੀ ਹੈ ? ਮੈਂ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਸਮਾਨ ਬਿਨ ਮਜ਼ਊਨ ਦੇ ਕਰਮ ਅਤੇ ਉਹਨਾ ਦੀਆਂ ਇਬਾਦਤਾਂ ਅਜਿਹੀਆਂ ਸਨ, ਇਹੋ ਚੀਜ਼ਾਂ ਮੈਂਨੂੰ ਜ਼ਾਹਰ ਕਰਦੀਆਂ ਹਨ ਕਿ ਰੱਬ ਨੇ ਜ਼ਰੂਰ ਉਹਨਾ ਨਾਲ ਬਖ਼ਸ਼ਿਸ਼ ਦਾ ਸੁਲੂਕ ਕਰ ਦਿਤੱਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਉਸਮਾਨ ਬਿਨ ਮਜ਼ਊਨ ਵਿੱਚ ਅਸੀਂ ਭਲਾਈ ਤੋਂ ਬਿਨਾ ਹੋਰ ਕੁਝ ਨਹੀਂ ਦੇਖਿਆ । ਪਰ ਨਾਲ ਹੀ ਇਹ ਫ਼ਰਮਾ ਦਿਤੱਾ ਕਿ ਇਹ ਵੀ ਚੇਤੇ ਰੱਖੋ ਕਿ ਮੈਂ ਰੱਬ ਦਾ ਰਸੂਲ ਹਾਂ ਪਰ ਬਖ਼ੁਦਾ ਮੈਂ ਵੀ ਨਹੀਂ ਜਾਣਦਾ ਕਿ ਮੇਰੇ ਨਾਲ ਕੀ ਕੀਤਾ ਜਾਵੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤੋਂ ਵਧੱਕੇ ਤਾਂ ਕੋਈ ਰੱਬ ਦਾ ਇਬਾਦਤਗੁਜ਼ਾਰ ਨਹੀਂ, ਆਪ ਹਬੀਬੇ ਖ਼ੁਦਾ (ਰੱਬ ਦੇ ਪਿਆਰੇ) ਹਨ ਪਰ ਰੱਬ ਦੀ ਬੇਨਿਆਜ਼ੀ ਅਤੇ ਉਸਦੇ ਖ਼ੌਫ਼ ਤੇ ਡਰ ਦਾ ਇਹ ਆਲਮ ਹੈ ਕਿ ਆਪਣੇ ਬਾਰੇ ਵੀ ਫ਼ਰਮਾਉਂਦੇ ਹਨ ਕਿ ਕਿ ਮੈਂਨੂੰ ਨਹੀਂ ਪਤਾ ਕਿ ਮੇਰੇ ਨਾਲ ਕੀ ਕੀਤਾ ਜਾਏਗਾ । ਸੋ ਸਾਡੇ ਲਈ ਕਿੰਨ੍ਹੇ ਖ਼ੌਫ਼ ਦਾ ਮੁਕਾਮ ਹੈ ਅਤੇ ਸਾਨੂੰ ਕਿੰਨ੍ਹੀ ਚਿੰਤਾ ਹੋਣੀ ਚਾਹੀਦੀ ਹੈ ਕਿ ਨੇਕ ਅਮਲ ਕਰੀਏ, ਰੱਬ ਦੀ ਇਬਾਦਤ ਵੱਲ ਧਿਆਨ ਦੇਈਏ ਅਤੇ ਵਿਨਮ੍ਰਤਾ ਵਿੱਚ ਵਧੱਦੇ ਜਾਈਏ ਅਤੇ ਹਮੇਸ਼ਾ ਰੱਬ ਦੇ ਰਹਿਮ ਅਤੇ ਉਸ ਦੇ ਫ਼ਜ਼ਲ (ਮਿਹਰ) ਦੀ ਭਿੱਖਿਆ ਮੰਗਦੇ ਰਹੀਏ ਕਿ ਉਹ ਆਪਣੇ ਰਹਿਮ ਤੇ ਮਿਹਰ ਨਾਲ ਸਾਨੂੰ ਬਖ਼ਸ਼ ਦੇਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਗਲੇ ਸਹਾਬੀ ਜਿੰਨ੍ਹਾ ਦਾ ਵਰਨਣ ਹੋਵੇਗਾ ਉਹ ਹਜ਼ਰਤ ਵਹਬ ਬਿਨ ਸਅਦ ਬਿਨ ਅਬੀ ਸਰਹ ਹਨ । ਇਹਨਾ ਦਾ ਸੰਬੰਧ ਕਬੀਲਾ ਬਨੂ ਆਮਰ ਬਿਨ ਲੋਈ ਨਾਲ ਸੀ । ਹਜ਼ਰਤ ਵਹਬ ਦਾ ਭਰਾ ਅਬਦੁਲੱਾਹ ਬਿਨ ਸਅਦ ਬਿਨ ਅਬੀ ਸਰਹ ਕਾਤਬੇ ਵਹੀ (ਵਹੀਆਂ ਨੂੰ ਲਿਖੱਣ ਵਾਲਾ) ਸੀ ਜਿਸ ਨੇ ਮੁਰਤਦ (ਫਿਰ ਜਾਣਾ) ਹੋਣਾ ਧਾਰਣ ਕਰ ਲਿਆ ਸੀ । ਇਸ ਦੇ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਉਪੱਰ ਜੱਦ ਕੋਈ ਵਹੀ ਨਾਜ਼ਲ ਹੁੰਦੀ ਤਾਂ ਇਸਨੂੰ ਬੁਲਾਕੇ ਲਿਖਵਾ ਦਿੰਦੇ ਸਨ । ਇਕ ਦਿਨ ਆਪ ਸੂਰਾਤੁਲ ਮੋਮਿਨੀਨ ਦੀ ਆਇਤ 14 ਅਤੇ 15 ਲਿਖੱਵਾ ਰਹੇ ਸਨ ।

ਜੱਦ ਆਪ ਇੱਥੇ ਪਹੁੰਚੇ ਕਿ ਸੁਮੱਾ ਅੰਸ਼ਾਨਾਹੁ ਖ਼ਲਕਨ ਆਖ਼ਾਰਾ ( ثُمَّ اَنْشَاْنٰهُ خَلْقًا اٰخَرَ) ਤਾਂ ਇਸ ਕਾਤਬੇ ਵਹੀ ਦੇ ਮੂਹੋਂ ਆਪਮੁਹਾਰੇ ਹੀ ਨਿਕਲ ਗਿਆ ਕਿ ਫ਼ਤਾਬਾਰਾਕਲੱਾਹੁ ਅਹਸਾਨੁਲ ਖ਼ਾਲਿਕੀਨ ( فَتَبٰرَكَ اللّٰهُ اَحْسَنُ الْخٰلِقِيْنَ) ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹੋ ਵਹੀ ਹੈ ਇਸ ਨੂੰ ਲਿੱਖ ਲਓ । ਉਸ ਨੇ ਸਮਝਿਆ ਕਿ ਜਿਸ ਪ੍ਰਕਾਰ ਮੇਰੇ ਮੂੰਹੋਂ ਇਹ ਆਇਤ ਨਿਕਲੀ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਸ ਨੂੰ ਵਹੀ ਕਰਾਰ ਦੇ ਦਿਤੱਾ ਹੈ ਇਸੇ ਪ੍ਰਕਾਰ ਆਪ ਸਾਰਾ ਕੁਰਆਨ ਬਣਾ ਰਹੇ ਹਨ। ਸੋ ਉਹ ਮੁਰਤਦੱ (ਫਿਰ ਗਿਆ) ਹੋ ਗਿਆ।

ਆਸਿਮ ਬਿਨ ਉਮਰ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਵਹਬ ਨੇ ਮੱਕੇ ਤੋਂ ਮਦੀਨੇ ਵੱਲ ਹਿਜਰਤ ਕੀਤੀ ਤਾਂ ਆਪ ਨੇ ਹਜ਼ਰਤ ਕੁਲਸੂਮ ਬਿਨ ਹਦਮ ਦੇ ਘਰ ਪੜਾਅ ਕੀਤਾ । ਹਜ਼ਰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਵਹਬ ਅਤੇ ਹਜ਼ਰਤ ਸਵੀਦ ਬਿਨ ਉਮੱਰੋ ਵਿਚਕਾਰ ਭਾਈਬੰਦੀ ਕਰਾਈ । ਆਪ ਦੋਵੇਂ ਜੰਗੇ ਮੋਤਾ ਦੇ ਦਿਨ ਸ਼ਹੀਦ ਹੋਏ । ਹਜ਼ਰਤ ਵਹਬ ਬਦਰ ਦੀ ਜੰਗ, ਉਹਦ, ਖ਼ੰਦਕ, ਹੁਦੈਬੀਆ ਅਤੇ ਖ਼ੈਬਰ ਵਿੱਚ ਸ਼ਾਮਲ ਹੋਏ । ਸ਼ਹੀਦੀ ਦੇ ਦਿਨ ਆਪਦੀ ਉਮਰ 40 ਸਾਲ ਸੀ । ਜੰਗੇ ਮੋਤਾ ਜਮਾਦੀਉਲ ਊਲਾ ਸਨ 8 ਹਿਜਰੀ ਵਿੱਚ ਹੋਇਈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹਾਰਸ ਬਿਨ ਉਮੈਰ ਨੂੰ ਦੂਤ ਬਣਾਕੇ ਬਸਰਾ ਦੇ ਬਾਦਸ਼ਾਹ ਕੋਲ ਪਤੱਰ ਦੇਕੇ ਭੇਜਿਆ । ਜੱਦ ਉਹ ਮੋਤਾ ਦੇ ਅਸਥਾਨ ਉਪੱਰ ਉਤਰੇ ਤਾਂ ਉਹਨਾ ਨੂੰ ਸ਼ਰਹਬੀਲ ਬਿਨ ਉਮੱਰੋ ਗ਼ਸਾਨੀ ਦੇ ਰੋਕਿਆ ਅਤੇ ਸ਼ਹੀਦ ਕਰ ਦਿਤੱਾ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਦੀ ਸੂਚਨਾ ਮਿਲੀ ਤਾਂ ਆਪ ਨੂੰ ਇਸ ਘਟਨਾ ਨੇ ਬਹੁਤ ਦੁਖੀ ਕੀਤਾ । ਆਪ ਨੇ ਲੋਕਾਂ ਨੂੰ ਜੰਗ ਲਈ ਬੁਲਾਇਆ ਲੋਕ ਇਕਤੱਰ ਹੋ ਗਏ, ਇਹਨਾ ਦੀ ਗਿਣਤੀ ਤਿੰਨ ਹਜ਼ਾਰ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹਨਾ ਸਾਰਿਆਂ ਦੇ ਅਮੀਰ (ਪ੍ਰਧਾਨ) ਹਜ਼ਰਤ ਜ਼ੈਦ ਬਿਨ ਹਾਰਸਾ ਹਨ ਅਤੇ ਇਕ ਚਿਟੱਾ ਝੰਡਾ ਤਿਆਰ ਕਰਕੇ ਹਜ਼ਰਤ ਜ਼ੈਦ ਨੂੰ ਦਿੰਦਿਆਂ ਹੋਇਆਂ ਇਹ ਨਸੀਹਤ ਕੀਤੀ ਕਿ ਹਜ਼ਰਤ ਹਾਰਸ ਬਿਨ ਉਮੈਰ ਜਿੱਥੇ ਸ਼ਹੀਦ ਕੀਤੇ ਗਏ ਹਨ ਉੱਥੇ ਪਹੁੰਚ ਕੇ ਲੋਕਾਂ ਨੂੰ ਇਸਲਾਮ ਦਾ ਨਿਮੰਤਰਣ ਦੇਣਾ ਜੇਕਰ ਉਹ ਕੁਬੂਲ ਕਰ ਲੈਂਣ ਤਾਂ ਠੀਕ ਹੈ ਨਹੀਂ ਤਾਂ ਉਹਨਾ ਦੇ ਵਿਰੁਧ ਰੱਬ ਤੋਂ ਮਦਦ ਮੰਗਣੀ ਅਤੇ ਜੰਗ ਕਰਨੀ । ਹਜ਼ਰਤ ਵਹਬ ਵੀ ਇਸ ਜੰਗ ਵਿੱਚ ਸ਼ਾਮਲ ਸਨ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਮਰਹੂਮੀਨ ਦਾ ਵਰਨਣ ਕਰਾਂਗਾ ਜਿੰਨ੍ਹਾ ਦੇ ਅੱਜ ਜਨਾਜ਼ਾਹ ਗ਼ਾਇਬ ਵੀ ਪੜ੍ਹਵਾਂਗਾ ।

ਪਹਿਲਾ ਵਰਨਣ ਮੁਕਰੱਮ ਮਲਕ ਮੁਹਮੱਦ ਅਕਰਮ ਸਾਹਬ ਦਾ ਹੈ, ਜੋ ਮਰੱਬੀ ਸਿਲਸਿਲਾ ਸਨ ਅਤੇ 25 ਅਪ੍ਰੈਲ ਨੂੰ ਕਲ ਮਾਂਚੈਸਟਰ ਵਿੱਚ ਉਹਨਾ ਦੀ ਵਫ਼ਾਤ ਹੋਈ ਹੈ ( اناللهوانااليهراجعون) ਅਤਾਉਲ ਮੁਜੀਬ ਰਾਸ਼ਿਦ ਸਾਹਿਬ ਕਹਿੰਦੇ ਹਨ ਕਿ ਅਕਰਮ ਸਾਹਬ ਬਹੁਤ ਚੰਗੇ ਆਚਰਣ ਵਾਲੇ ਅਤੇ ਅਨੇਕਾਂ ਖ਼ੂਬੀਆਂ ਦੇ ਮਾਲਕ ਸਨ, ਬਹੁਤ ਨੇਕ ਦਿਆਨਤਦਾਰ ਅਤਿਅੰਤ ਸੱਚੇ ਤੇ ਫ਼ਿਦਾਈ ਅਹਮਦੀ ਸਨ, ਜੋਸ਼ ਨਾਲ ਭਰਪੂਰ ਮੁਬਲੱਗ਼ ਤੇ ਜ਼ਿੱਮੇਦਾਰੀ ਨਾਲ ਕੰਮ ਕਰਨ ਵਾਲੇ ਖ਼ਿਲਾਫ਼ਤ ਦੀ ਆਗਿਆਕਾਰੀ ਵਿੱਚ ਬਹੁਤ ਉਚੱਾ ਸਥਾਨ ਰਖੱਣ ਵਾਲੇ ਜਮਾਤ ਦੇ ਸੇਵਕ ਸਨ ।

ਦੂਸਰਾ ਜਨਾਜ਼ਾਹ ਚੌਧਰੀ ਅਬਦੁਸ਼ ਸ਼ਕੂਰ ਸਾਹਬ ਮੁਬਲੱਗ਼ ਸਿਲਸਿਲਾ ਦਾ ਹੈ । ਇਹ ਚੌਧਰੀ ਅਬਦੁਲ ਅਜ਼ੀਜ਼ ਸਾਹਬ ਸਿਆਲਕੋਟੀ ਦੇ ਪੁਤੱਰ ਸਨ। 12 ਅਪ੍ਰੈਲ ਨੂੰ ਇਹਨਾ ਦੀ ਵਫ਼ਾਤ ਹੋਈ ਹੈ । (اناللهوانااليهراجعون) ਮਹਮੂਦ ਤਾਹਿਰ ਸਾਹਬ ਕਾਇਦ ਅਮੂਮੀ ਅੰਸਾਰੁਲੱਾਹ ਪਾਕਿਸਤਾਨ ਕਹਿੰਦੇ ਹਨ ਕਿ ਬਹੁਤ ਖ਼ਮੋਸ਼ੀ ਨਾਲ ਕੰਮ ਕਰਨ ਵਾਲੇ ਸਨ । ਕੰਮ ਨਾਲ ਕੰਮ ਰਖੱਦੇ ਸਨ ਅਤੇ ਬਹੁਤ ਚੰਗੀ ਰਾਏ ਦੇਣਯੋਗ ਸਨ । ਨਾਇਬ ਵਕੀਲੁਤ ਤਬਸ਼ੀਰ ਸ਼ੇਖ਼

ਖ਼ਾਲਿਦ ਸਾਹਬ ਕਹਿੰਦੇ ਹਨ ਕਿ ਬਹੁਤ ਸਾਦਾ ਮਿਜ਼ਾਜ ਸਨ ਸ਼ਰੀਫ਼ ਮਾਦੇ ਦੇ ਵਿਅਕਤੀ ਸਨ ਸਾਫ਼ ਸੁਥੱਰੇ ਸੁਭਾਵ ਦੇ ਮਾਲਕ ਸਨ । ਖ਼ਿਲਾਫ਼ਤ ਅਤੇ ਸਿਲਸਿਲੇ ਨਾਲ ਅਤਿਅੰਤ ਵਫ਼ਾਦਾਰ ਤੇ ਫ਼ਿਦਾਈ ਸਨ ।

ਤੀਜਾ ਜਨਾਜ਼ਾਹ ਮੁਕਰੱਮ ਮੁਹਮੱਦ ਸਾਲਿਹ ਮੁਹਮੱਦ ਸਾਹਬ ਮੁਅਲੱਮ ਵਕਫ਼ੇ ਜਦੀਦ ਦਾ ਹੈ । ਇਹ 21 ਅਪ੍ਰੈਲ 2019 ਈ ਨੂੰ ਇਲਾਹੀ ਹੁਕੁਮ ਅਨੁਸਾਰ ਵਫ਼ਾਤ ਪਾ ਗਏ ਸਨ । ( اناللہوانااليہراجعون) ਇਹਨਾ ਦੇ ਪੜਨਾਨਾ ਮਲਕ ਅਲੱਾਹ ਬਖ਼ਸ਼ ਸਾਹਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਸਨ ਜਿੰਨ੍ਹਾ ਨੇ ਸੂਰਜ ਚੰਨ੍ਹ ਗ੍ਰਹਿਣ ਦਾ ਨਿਸ਼ਾਨ ਦੇਖਕੇ ਲੋਧਰਾਂ ਤੋਂ ਪੈਦਲ ਕਾਦੀਆਂ ਜਾਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹੱਥ ਉਪੱਰ ਬੈਅਤ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਸੀ ।

ਚੌਥਾ ਜਨਾਜ਼ਾਹ ਮੁਕਰੱਮ ਮਵੀਸ਼ੇ ਜੁਮਆ ਸਾਹਬ ਤੰਜ਼ਾਨੀਆਂ ਦਾ ਹੈ । ਇਹ 13 ਮਾਰਚ ਨੂੰ ਵਫ਼ਾਤ ਪਾ ਗਏ ਸਨ (اناللہوانااليہراجعون) ਖ਼ਿਲਾਫ਼ਤ ਨਾਲ ਅਤਿਅੰਤ ਫ਼ਿਦਾਈ ਤੇ ਮੁਬਲੱਗਾਂ ਤੇ ਜਮਾਤੀ ਉਹਦੇਦਾਰਾਂ ਦਾ ਬਹੁਤ ਸਨਮਾਨ ਕਰਨ ਵਾਲੇ ਵਿਅਕਤੀ ਸਨ । ਜਮਾਤੀ ਨਿਜ਼ਾਮ ਦੀ ਬਹੁਤ ਪਾਬੰਦੀ ਕਰਦੇ ਸਨ ਪ੍ਰਚਾਰ ਦਾ ਬਹੁਤ ਸ਼ੌਕ ਅਤੇ ਜਜ਼ਬਾ ਸੀ । ਚੰਦਿਆਂ ਦੀ ਦੇਣਦਾਰੀ ਵਿੱਚ ਸਭ ਤੋਂ ਮੋਹਰੇ ਪੰਕਤੀ ਵਿੱਚ ਸ਼ਾਮਲ ਹੁੰਦੇ ਸਨ । ਅਲੱਾਹ ਤਆਲਾ ਇਹਨਾ ਨਾਲ ਰਹਿਮਤ ਤੇ ਬਖ਼ਸ਼ਿਸ਼ ਦਾ ਸੁਲੂਕ ਫ਼ਰਮਾਏ ਅਤੇ ਦਰਜਾਤ ਬੁਲੰਦ ਕਰੇ ।

## ★★★★ ਖ਼ੁਤਬਾ ਸਾਨੀਆ ★★★★

**Khulasa Khutba Jumma 26.04.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131